# Visit of Minister of State for External Affairs and Culture Smt. MeenakashiLekhi to Uzbekistan and Switzerland (September 23-30, 2021)

September 22, 2021

……………………………………………………………………………………………………

# ਵਿਦੇਸ਼ ਅਤੇ ਸੱਭਿਆਚਾਰ ਰਾਜ ਮੰਤਰੀ ਸ਼੍ਰੀਮਤੀ ਮੀਨਾਕਾਸ਼ੀ ਲੇਖੀ ਵੱਲੋਂ ਉਜ਼ਬੇਕਿਸਤਾਨ ਅਤੇ ਸਵਿਟਜ਼ਰਲੈਂਡ ਦੀ ਫੇਰੀ (23-30 ਸਤੰਬਰ, 2021)

**22 ਸਤੰਬਰ, 2021**

1. ਵਿਦੇਸ਼ ਅਤੇ ਸੱਭਿਆਚਾਰ ਰਾਜ ਮੰਤਰੀ (MoS) ਸ਼੍ਰੀਮਤੀ ਮੀਨਾਕਸ਼ੀ ਲੇਖੀ 23-30 ਸਤੰਬਰ, 2021 ਤੱਕ ਉਜ਼ਬੇਕਿਸਤਾਨ ਗਣਰਾਜ ਅਤੇ ਸਵਿਸ ਕਨਫੈਡਰੇਸ਼ਨ ਦਾ ਅਧਿਕਾਰਤ ਦੌਰਾ ਕਰਨਗੇ|

2. 23-26 ਸਤੰਬਰ ਤੱਕ ਦੀ ਆਪਣੀ ਉਜ਼ਬੇਕਿਸਤਾਨ ਫੇਰੀ ਦੌਰਾਨ ਰਾਜ ਮੰਤਰੀ ਉਜ਼ਬੇਕਿਸਤਾਨ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਅਬਦੁਲਲ ਅਜ਼ੀਜ਼ ਕਾਮਿਲੋਵ ਅਤੇ ਸੱਭਿਆਚਾਰ ਮੰਤਰੀ ਮਹਾਮਹਿਮ ਓਜ਼ੋਡਬੇਕ ਨਾਜ਼ਰਬੇਕੋਵ ਨੂੰ ਮਿਲਣਗੇ| ਉਹ ਵੱਕਾਰੀ ਤਾਸ਼ਕੰਦ ਸਟੇਟ ਯੂਨੀਵਰਸਿਟੀ ਆਫ਼ ਲਾਅ ਵਿਖੇ 'ਭਾਰਤ ਦੀਆਂ ਲੋਕਤੰਤਰੀ ਪਰੰਪਰਾਵਾਂ' ਵਿਸ਼ੇ 'ਤੇ ਭਾਸ਼ਣ ਦੇਣਗੇ| ਉਹ ਤਾਸ਼ਕੰਦ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਵੀ ਕਰਨਗੇ ਅਤੇ ਤਾਸ਼ਕੰਦ ਸਟੇਟ ਇੰਸਟੀਚਿਟ ਆਫ਼ ਓਰੀਐਂਟਲ ਸਟੱਡੀਜ਼ ਅਤੇ ਹੋਰ ਸੰਸਥਾਵਾਂ ਦੇ ਉੱਘੇ ਇੰਡੋਲੋਜਿਸਟਸ ਨਾਲ ਵੀ ਮੁਲਾਕਾਤ ਕਰਨਗੇ| ਰਾਜ ਮੰਤਰੀ 'ਆਜ਼ਾਦੀ ਕਾ ਅਮ੍ਰਿਤ ਮਹੋਤਸਵ' ਸਮਾਰੋਹਾਂ ਦੇ ਹਿੱਸੇ ਵਜੋਂ ਬੁਖਾਰਾ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਤੋਂ ਛੁੱਟ ਸਮਰਕੰਦ ਸਟੇਟ ਮੈਡੀਕਲ ਇੰਸਟੀਚਿਊਟ ਵਿਖੇ ਭਾਰਤੀ ਵਿਦਿਆਰਥੀਆਂ ਨਾਲ ਗੱਲਬਾਤ ਵੀ ਕਰਨਗੇ|

3. 27-30 ਸਤੰਬਰ ਤੱਕ ਸਵਿਟਜ਼ਰਲੈਂਡ ਦੀ ਆਪਣੀ ਫੇਰੀ ਦੌਰਾਨ ਰਾਜ ਮੰਤਰੀ ਵਿਦੇਸ਼ ਮੰਤਰਾਲੇ ਦੇ ਸੰਘੀ ਕੌਂਸਲਰ (ਵਿਦੇਸ਼ ਮੰਤਰੀ) ਮਹਾਮਹਿਮ ਡਾ. ਇਗਨਾਜ਼ੀਓ ਕੈਸੀਸ ਅਤੇ ਗ੍ਰਹਿ ਮਾਮਲਿਆਂ ਅਤੇ ਸਭਿਆਚਾਰ ਮੰਤਰਾਲੇ ਦੇ ਸੰਘੀ ਕੌਂਸਲਰ ਮਹਾਮਹਿਮ ਸ਼੍ਰੀ ਐਲਨ ਬਰਸੇਟ ਨਾਲ ਗੱਲਬਾਤ ਕਰਨਗੇ| ਰਾਜ ਮੰਤਰੀ "ਉਭਰ ਰਹੇ ਬਾਜ਼ਾਰਾਂ ਵਿੱਚ ਬੁਨਿਆਦੀ ਢਾਂਚਾ - ਵਿਕਾਸ ਅਤੇ ਅਸਲ ਪ੍ਰਭਾਵ ਦਾ ਇੰਜਣ" ਵਿਸ਼ੇ ਤੇ ਪਹਿਲੀ NZZ ਇਮਪੈਕਟ ਫਾਇਨੈਂਸ ਕਾਨਫਰੈਂਸ ਨੂੰ ਸੰਬੋਧਤ ਕਰਨ ਦੇ ਨਾਲ ਨਾਲ ਸਵਿਸ-ਇੰਡੀਆ ਚੈਂਬਰ ਆਫ਼ ਕਾਮਰਸ ਦੀ ਸਾਲਾਨਾ ਆਮ ਮੀਟਿੰਗ ਨੂੰ ਸੰਬੋਧਨ ਕਰਨਗੇ| ਰਾਜ ਮੰਤਰੀ ਭਾਰਤੀ-ਸਵਿਸ ਭਾਈਚਾਰੇ ਨਾਲ ਵੀ ਗੱਲਬਾਤ ਕਰਨਗੇ ਅਤੇ ਜਿਨੇਵਾ ਵਿੱਚ ਅੰਤਰਰਾਸ਼ਟਰੀ ਭਾਈਚਾਰੇ ਦੇ ਮੈਂਬਰਾਂ ਨਾਲ ਮੁਲਾਕਾਤ ਕਰਨਗੇ|

4. ਉਜ਼ਬੇਕਿਸਤਾਨ ਅਤੇ ਸਵਿਟਜ਼ਰਲੈਂਡ, ਦੋਵਾਂ ਨਾਲ ਭਾਰਤ ਦੇ ਨਜ਼ਦੀਕੀ ਅਤੇ ਦੋਸਤਾਨਾ ਸਬੰਧ ਹਨ। ਰਾਜ ਮੰਤਰੀ ਇਸ ਫੇਰੀ ਸਦਕਾ ਇਨ੍ਹਾਂ ਦੋਵਾਂ ਦੇਸ਼ਾਂ ਨਾਲ ਸਾਡੇ ਦੁਵੱਲੇ ਸਬੰਧਾਂ ਦੀ ਰਫਤਾਰ ਨੂੰ ਕਾਇਮ ਰੱਖਣ ਵਿੱਚ ਮਦਦ ਮਿਲੇਗੀ।

ਨਵੀਂ ਦਿੱਲੀ
22 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.